# ਪੰਜਾਬ ਸਿੱਖਿਆ ਵਿਕਾਸ ਬੋਰਡ
## ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ।

ਈ-ਬਲਾਕ, ਪੰਜਵੀਂ ਮੰਜਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸਾਹਿਬਜਾਦਾ ਅਜੀਤ ਸਿੰਘ ਨਗਰ, ਅਜੀਤਗੜ੍ਹ।
ਫੋਨ ਨੰ: 0172-5212344, E.mail: pedb2012@gmail.com

ਵੱਲ: ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ। (ਵੈਬ-ਸਾਈਟ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ।
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ।
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।
ਸਮੂਹ ਸਕੂਲ ਮੁਖੀ/ਮੁੱਖ ਅਧਿਆਪਕ/ਪ੍ਰਿੰਸੀਪਲ, ਪੰਜਾਬ।

ਮੀਮੋ ਨੰ: - 05/90/2013-ਪੰ:ਸਿ:ਵਿ:ਬੋ/ਵਜੀਫਾ/ 8903
ਮਿਤੀ,ਚੰਡੀਗੜ੍ਹ: 16 ਮਈ, 2013

**ਵਿਸ਼ਾ: ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ, ਪ੍ਰਾਈਵੇਟ ਸਕੂਲ/ਸੰਸਥਾਵਾਂ ਵਿੱਚ ਪੜ੍ਹਦੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਨੂੰ ਸਾਲ 2013-14 ਲਈ ਵਜੀਫਾ ਦੇਣ ਸਬੰਧੀ ।**
**ਹਵਾਲਾ: ਮੀਮੋ ਨੰ. DW/CS(MW)-2/057/620 ਅਤੇ DW/CS(MW)-2/057/616 ਮਿਤੀ 14-05-2013**

1.0 ਉਪਰੋਕਤ ਵਿਸ਼ੇ ਅਤੇ ਹਵਾਲੇ ਵੱਲ ਧਿਆਨ ਦੇਣ ਦੀ ਕ੍ਰਿਪਾਲਤਾ ਕਰੋ ਜੀ।

2.0 ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ ਵੱਲੋਂ ਹਵਾਲਾ ਅਧੀਨ ਪੱਤਰ ਇਸ ਦਫਤਰ ਨੂੰ ਭੇਜ ਕੇ ਸੂਚਿਤ ਕੀਤਾ ਹੈ ਕਿ ਭਾਰਤ ਸਰਕਾਰ ਵੱਲੋਂ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ, ਪ੍ਰਾਈਵੇਟ ਸਕੂਲਾਂ / ਸੰਸਥਾਵਾਂ ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ, ਸੀ.ਬੀ.ਐਸ.ਈ ਅਤੇ ਆਈ.ਸੀ.ਐਸ.ਈ ਤੋਂ ਮਾਨਤਾ ਪ੍ਰਾਪਤ ਹਨ, ਵਿੱਚ ਘੱਟ ਗਿਣਤੀ (ਸਿੱਖ, ਬੋਧੀ, ਮੁਸਲਿਮ, ਈਸਾਈ ਅਤੇ ਪਾਰਸੀ) ਵਰਗ ਦੇ ਵਿਦਿਆਰਥੀਆਂ ਨੂੰ ਪ੍ਰੀ-ਮੈਟ੍ਰਿਕ (ਪਹਿਲੀ ਤੋਂ ਦਸਵੀਂ) ਅਤੇ ਪੋਸਟ-ਮੈਟ੍ਰਿਕ (ਗਿਆਰਵੀਂ ਤੇ ਬਾਰ੍ਹਵੀਂ) ਸਕਾਲਰਸ਼ਿਪ ਸਕੀਮ ਅਧੀਨ ਵਜੀਫਾ ਦੇਣ ਦਾ ਉਪਬੰਧ ਕੀਤਾ ਗਿਆ ਹੈ, ਤਾਂ ਕਿ ਗ਼ਰੀਬ ਵਿਦਿਆਰਥੀ ਆਪਣੀ ਪੜ੍ਹਾਈ ਜਾਰੀ ਰੱਖ ਸਕਣ।

3.0 ਡਾਇਰੈਕਟਰ, ਭਲਾਈ ਵਿਭਾਗ, ਪੰਜਾਬ ਵੱਲੋਂ ਪੋਸਟ-ਮੈਟ੍ਰਿਕ ਲਈ ਮਿਤੀ 11-04-2013 ਅਤੇ 12-04-2013 ਨੂੰ ਪ੍ਰੀ-ਮੈਟ੍ਰਿਕ ਵਜੀਫਾ ਸਕੀਮ ਦੀ ਜਾਣਕਾਰੀ ਲਈ ਮਿਤੀ 01-05-2013 ਨੂੰ ਵੱਖ-2 ਅਖਬਾਰਾਂ ਵਿੱਚ ਇਸ਼ਤਿਹਾਰ ਜਾਰੀ ਕੀਤਾ ਹੈ ਅਤੇ ਇਸ ਦੀ ਕਾਪੀ ਭਲਾਈ ਵਿਭਾਗ ਦੀ ਵੈੱਬ ਸਾਈਟ **www.minorityaffairs.gov.in** ਅਤੇ ਸਿੱਖਿਆ ਵਿਭਾਗ ਦੀ ਵੈੱਬ ਸਾਈਟ **www.ssapunjab.org** ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

4.0 ਆਪ ਜੀ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਸਾਲ 2012-13 ਦੌਰਾਨ ਸਿੱਖਿਆ ਵਿਭਾਗ ਦੇ ਸਮੂਹ ਕਰਮਚਾਰੀਆਂ / ਅਧਿਕਾਰੀਆਂ / ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਸਖਤ ਮਿਹਨਤ ਦੇ ਸਦਕਾ ਰਾਜ ਦੇ 425960 ਵਿਦਿਆਰਥੀਆਂ ਨੂੰ ਲੱਗ-ਭੱਗ 132 ਕਰੋੜ ਰੁਪਏ ਦੀ ਰਾਸ਼ੀ ਇਸ ਵਜੀਫਾ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਪ੍ਰਵਾਨ ਕੀਤੀ ਗਈ ਹੈ, ਜਦ ਕਿ ਸਾਲ 2011-12 ਦੌਰਾਨ 348774 ਵਿਦਿਆਰਥੀਆਂ ਨੂੰ ਕੇਵਲ 87 ਕਰੋੜ ਰੁਪਏ ਦੀ ਰਾਸ਼ੀ ਪ੍ਰਵਾਨ ਹੋਈ ਸੀ। ਆਪ ਸਭ ਦੇ ਸਹਿਯੋਗ ਸਦਕਾ ਸਾਲ 2012-13 ਦੌਰਾਨ ਲਾਭਪਾਤਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ 22.13 ਅਤੇ ਪ੍ਰਵਾਨਿਤ ਰਾਸ਼ੀ ਵਿੱਚ 51.72 ਪ੍ਰਤੀਸ਼ਤ ਦਾ ਇਜ਼ਾਫ਼ਾ ਹੋਇਆ ਹੈ।

5.0 ਭਲਾਈ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਸਮੂਹ ਸੀਨੀਅਰ ਸੈਕੰਡਰੀ ਸਕੂਲ / ਸੰਸਥਾਵਾਂ ਜਿੱਥੇ ਗਿਆਰਵੀਂ ਤੇ ਬਾਰ੍ਹਵੀਂ ਸ਼੍ਰੇਣੀਆਂ ਦੇ ਵਿਦਿਆਰਥੀ ਪੜ੍ਹ ਰਹੇ ਹਨ, ਵੱਲੋਂ ਮਿਤੀ 30-06-2013 ਤੱਕ ਰਜਿਸਟ੍ਰੇਸ਼ਨ ਕਰਵਾਈ ਜਾਣੀ ਹੈ। ਇਸ ਲਈ ਸਮੂਹ ਸਕੂਲਾਂ / ਸੰਸਥਾਵਾਂ ਨੂੰ ਹਦਾਇਤ / ਸਲਾਹ ਦਿੱਤੀ ਜਾਂਦੀ ਹੈ ਕਿ ਰਾਜ ਸਰਕਾਰ ਵੱਲੋਂ ਪਹਿਲੀ ਜੂਨ 2013 ਤੋਂ ਗਰਮੀਆਂ ਦੀਆਂ ਛੁਟੀਆਂ ਦਾ ਐਲਾਨ ਕੀਤਾ ਜਾ ਚੁੱਕਾ ਹੈ, ਇਸ ਲਈ 31-05-2013 ਤੋਂ ਪਹਿਲਾਂ-2 ਲੋੜੀਂਦੀ ਕਾਰਵਾਈ ਪੂਰੀ ਕਰ ਲਈ ਜਾਵੇ, ਤਾਂ ਜੋ ਅਧਿਆਪਕਾਂ ਨੂੰ ਗਰਮੀਆਂ ਦੀਆਂ

ਛੁੱਟੀਆਂ ਦੌਰਾਨ ਪ੍ਰੇਸ਼ਾਨੀ ਨਾ ਝੱਲਣੀ ਪਵੇ। ਇਸੇ ਤਰਾਂ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਦਰਖਾਸਤ ਕਰਨ ਦੀ ਆਖਰੀ ਮਿਤੀ 31-08-2013 ਹੈ।

6.0 ਜਿੱਥੋਂ ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਰਜਿਸਟ੍ਰੇਸ਼ਨ ਕਰਵਾਉਣ ਦਾ ਸੁਆਲ ਹੈ, ਸਿੱਖਿਆ ਵਿਭਾਗ ਕੋਲ ਸਮੂਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਵੇਰਵੇ ਦਰਜ ਹਨ। ਇਸ ਲਈ ਇਨ੍ਹਾਂ ਸਕੂਲਾਂ ਦੇ ਵੇਰਵੇ ਭਲਾਈ ਵਿਭਾਗ ਨੂੰ ਸਿੱਧੇ ਤੌਰ ਤੇ ਭੇਜ ਦਿੱਤੇ ਜਾਣਗੇ ਅਤੇ ਸਕੂਲ ਪ੍ਰਿੰਸੀਪਲ / ਇੰਚਾਰਜ ਨੂੰ ਉਨ੍ਹਾਂ ਦੇ ਮੋਬਾਈਲ ਫੋਨ ਤੇ ਸੰਦੇਸ਼ ਪ੍ਰਾਪਤ ਹੋਵੇਗਾ, ਜਿਸ ਵਿੱਚ ਸਕੂਲ ਦਾ User ID and Password ਜੈਨਰੇਟ ਹੋਵੇਗਾ ਅਤੇ ਸਕੂਲ ਮੁਖੀ ਇਸ ਨੂੰ ਆਪਣੀ ਸੁਵਿਧਾ ਅਨੁਸਾਰ ਤਬਦੀਲ ਕਰ ਸਕਦੇ ਹਨ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਉਹ ਆਪਣੇ ਕੋਲ ਪੱਕੇ ਤੌਰ ਤੇ ਸਕੂਲ ਦਾ User ID and Password ਰੱਖ ਸਕਣ।

7.0 ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਸਮੂਹ ਸੀਨੀਅਰ ਸੈਕੰਡਰੀ ਸਕੂਲਾਂ ਦੀ ਆਨ-ਲਾਈਨ ਰਜਿਸਟ੍ਰੇਸ਼ਨ ਕਰਵਾਉਣੀ ਜ਼ਰੂਰੀ ਹੋਵੇਗੀ ਅਤੇ ਸਕੂਲ ਰਜਿਸਟਰ ਹੋਣ ਉਪਰੰਤ ਹੀ ਉਸ ਸਕੂਲ ਨਾਲ ਸਬੰਧਤ ਯੋਗ ਵਿਦਿਆਰਥੀ ਭਾਰਤ ਸਰਕਾਰ ਦੀ ਵੈਬ-ਸਾਈਟ **www.momascholarship.gov.in** ਤੇ ਆਨਲਾਈਨ ਅਪਲਾਈ ਕਰਨਗੇ । ਸਬੰਧਤ ਸਕੂਲ ਅਰਜੀਆਂ ਦੀ ਘੋਖ ਕਰਕੇ ਆਨਲਾਈਨ ਹੀ ਤਜਵੀਜ ਡਾਇਰੈਕਟਰ ਭਲਾਈ ਵਿਭਾਗ ਨੂੰ ਤਸਦੀਕਸ਼ੁਦਾ ਹਾਰਡ ਕਾਪੀ ਸਮੇਤ ਲੋੜੀਂਦੇ ਦਸਤਾਵੇਜ਼ ਭੇਜਣਗੇ। ਇਸੇ ਤਰਾਂ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੀ ਸੂਚਨਾ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਅਤੇ ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਦੀ ਸੂਚਨਾ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਵੱਲੋਂ ਭਲਾਈ ਵਿਭਾਗ ਨੂੰ ਮਿਤੀ 15-09-2013 ਤੱਕ ਹਰ ਹਾਲਤ ਵਿੱਚ ਭੇਜੀ ਜਾਵੇਗੀ।

8.0 ਇਸ ਲਈ ਆਪ ਨੂੰ ਬੇਨਤੀ ਹੈ ਕਿ ਭਲਾਈ ਵਿਭਾਗ ਵੱਲੋਂ ਜਾਰੀ ਇਸ਼ਤਿਹਾਰ ਨੂੰ ਗਹੁ ਨਾਲ ਵਾਚਿਆ ਜਾਵੇ ਅਤੇ ਆਪਣੇ ਜਿਲ੍ਹੇ / ਬਲਾਕ ਅਤੇ ਸਕੂਲ ਵਿੱਚ ਸਮੁੱਚੇ ਯੋਗ ਲਾਭਪਾਤਰੀ ਵਿਦਿਆਰਥੀਆਂ ਦੀ ਜਾਣਕਾਰੀ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਮਿਥੇ ਸਮੇਂ ਦੇ ਅੰਦਰ-2 ਭੇਜੀ ਜਾਵੇ। ਵਧੇਰੇ ਜਾਣਕਾਰੀ ਲਈ ਭਲਾਈ ਵਿਭਾਗ ਦੀ ਵੈਬ ਸਾਈਟ **www.minorityaffairs.gov.in** ਅਤੇ ਸਿੱਖਿਆ ਵਿਭਾਗ ਦੀ ਵੈਬ ਸਾਈਟ **www.ssapunjab.org** ਜਾਂ ਕੋਈ ਵੀ ਪੱਤਰ ਵਿਹਾਰ ਕਰਨ ਲਈ ਭਲਾਈ ਵਿਭਾਗ ਦੀ ਈ-ਮੇਲ **minorityaffairspunjab@gmail.com** ਅਤੇ ਇਸ ਦਫਤਰ ਦੀ ਈ-ਮੇਲ **pedb2012@gmail.com** ਤੇ ਸੰਪਰਕ ਕੀਤਾ ਜਾ ਸਕਦਾ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪਿੱਠ ਅੰਕਣ ਨੰ. -ਉਕਤ- ਮਿਤੀ 16 ਮਈ, 2013

ਉਤਾਰਾ ਹੇਠ ਲਿਖਿਆਂ ਨੂੰ ਉਨ੍ਹਾਂ ਦੀ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :

1. ਨਿੱਜੀ ਸਕੱਤਰ ਮਾਣਯੋਗ ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਕੱਤਰ, ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ ਸਰਕਾਰ।
3. ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀ ਭਲਾਈ ਵਿਭਾਗ, ਪੰਜਾਬ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।